ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ
ਬਲਾਕ-ਈ ਪੰਜਵੀਂ ਮੰਜ਼ਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8 ਮੋਹਾਲੀ
ਫੋਨ ਨੰ: 0172-5212313,5212359 ਫੈਕਸ ਨੰ:0172-5212369,5212370
Website: ssapunjab.org

ਵੱਲ

ਸਮੂਹ ਸਕੂਲ ਮੁਖੀ,
ਪੰਜਾਬ।

ਮੀਮੋ ਨੰ: 1/4-2017 AD(ਏ) SSE
ਮਿਤੀ, ਐੱਸ.ਏ.ਐੱਸ ਨਗਰ: 04.09.2017

ਵਿਸ਼ਾ:- **MDM ਸਬੰਧੀ ਰਿਕਾਰਡ ਤਿਆਰ ਕਰਨ ਹਿੱਤ ਮੋਬਾਈਲ ਐਪਸ ਦੀ ਵਰਤੋਂ ਸਬੰਧੀ।**

ਸਿੱਖਿਆ ਵਿਭਾਗ ਵੱਲੋਂ ਅਧਿਆਪਕਾਂ ਦਾ ਲਿਖਤੀ ਕੰਮ-ਕਾਜ ਘਟਾਉਣ ਲਈ ਕਈ ਉਪਰਾਲੇ ਕੀਤੇ ਜਾ ਰਹੇ ਹਨ। ਇਨ੍ਹਾਂ ਉਪਰਾਲਿਆਂ ਦੀ ਲਗਾਤਾਰਤਾ ਵਿੱਚ ਵਿਭਾਗ ਵੱਲੋਂ MDM ਸਬੰਧੀ ਅਧਿਆਪਕਾਂ ਵੱਲੋਂ ਤਿਆਰ ਕੀਤੇ ਜਾਂਦੇ ਰਿਕਾਰਡ ਨੂੰ ਬਹੁਤ ਸੌਖੇ ਤਰੀਕੇ ਨਾਲ ਆਨ-ਲਾਈਨ ਕਰਨ ਹਿੱਤ ਇੱਕ ਮੋਬਾਈਲ ਐਪ ਤਿਆਰ ਕੀਤੀ ਗਈ ਹੈ ਜੋ ਕਿ Google Play Store 'ਤੇ ਉਪਲੱਬਧ ਹੈ ਅਤੇ ਅਧਿਆਪਕ ਇਸ ਨੂੰ ਮੋਬਾਈਲ 'ਤੇ ਸੌਖੇ ਤਰੀਕੇ ਨਾਲ Download ਕਰ ਸਕਦੇ ਹਨ। ਉਮੀਦ ਕੀਤੀ ਜਾਂਦੀ ਹੈ ਕਿ ਅਧਿਆਪਕਾਂ ਵੱਲੋਂ MDM ਸਬੰਧੀ ਮੌਜੂਦਾ ਪ੍ਰਚਲਨ ਪ੍ਰਣਾਲੀ ਅਧੀਨ ਰਿਕਾਰਡ ਤਿਆਰ ਕਰਨ ਲਈ ਜਿਹੜੇ ਅੱਠ-ਨੌਂ ਰਜਿਸਟਰ ਬਣਾਏ ਜਾਂਦੇ ਹਨ, ਇਸ ਸਾਫਟਵੇਅਰ/ਮੋਬਾਈਲ ਐਪ ਰਾਹੀਂ ਉਹ ਕੰਮ ਕਾਫੀ ਹੱਦ ਤੱਕ ਖਤਮ ਹੋ ਜਾਣਗੇ ਅਤੇ ਅਧਿਆਪਕ ਸਿੱਖਣ-ਸਿਖਾਉਣ ਪ੍ਰਕਿਰਿਆ ਤੇ ਵਧੇਰੇ ਸਮਾਂ ਲਗਾ ਸਕਣਗੇ।

ਇਹ ਹਦਾਇਤ ਕੀਤੀ ਜਾਂਦੀ ਹੈ ਕਿ ਨਿਮਨ ਪ੍ਰਕਿਰਿਆ ਅਨੁਸਾਰ ਸਕੂਲਾਂ ਵਿਚ ਮਿਡ-ਡੇ-ਮੀਲ ਦੇ ਇੰਚਾਰਜ ਮੋਬਾਇਲ ਐਪ ਨੂੰ ਤੁਰੰਤ ਡਾਊਨਲੋਡ ਕਰ ਲੈਣ ਅਤੇ ਮਿਡ-ਡੇ-ਮੀਲ ਦਾ ਰਿਕਾਰਡ ਰੋਜ਼ਾਨਾ ਐਪ ਉਪਰ ਅੱਪਲੋਡ ਕਰਨਾ ਸ਼ੁਰੂ ਕਰ ਦੇਣ।

ਇਸ App ਨੂੰ Download ਕਰਕੇ ਵਰਤਣ ਦੀ ਪ੍ਰਕਿਰਿਆ ਹੇਠ ਲਿਖੇ ਅਨੁਸਾਰ ਹੈ:-

(i) Open the Google Play Store on your smart phone.
(ii) Search epunjabschool login
(iii) Install epunjab apps
(iv) Login epunjab school apps.("Schools have already user name id and Password") Select MDM from MENU items.

After installing the app, you can fill up the MDM related information, starting with Add stock.

ਇੱਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਸਮੂਹ ਸਕੂਲ ਅਗਲੇਰੇ ਹੁਕਮਾਂ ਤੱਕ ਪਹਿਲਾਂ ਵਾਂਗ ਹੀ MDM ਸਬੰਧੀ ਰਿਕਾਰਡ ਵੀ ਤਿਆਰ ਕਰਦੇ ਰਹਿਣਗੇ।

ਜੇਕਰ ਤੁਹਾਨੂੰ ਇਸ ਸਬੰਧੀ ਕੋਈ ਦਿੱਕਤ ਆਉਂਦੀ ਹੈ ਤਾਂ ਤੁਸੀਂ ਸ੍ਰੀਮਤੀ ਸੀਮਾ ਖੇੜਾ, ਲੈਕਚਰਾਰ SCERT (9876693850) ਨੂੰ ਸੰਪਰਕ ਕਰ ਸਕਦੇ ਹੋ।

4/9

ਡਾਇਰੈਕਟਰ ਜਨਰਲ ਸਕੂਲ ਸਿੱਖਿਆ